## ਸੁਖ ਨਿਧਾਨ ਦੇ ਭੋਗ ਬਾਰੇ [੧]

ੴ ਸਤਿਗੁਰਪ੍ਰਸਾਦਿ ॥

ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥ [੨]

ਮੂਕ ਉਚਰੈ ਸ਼ਾਸਤ੍ਰ ਖਟਿ ਪਿੰਗ ਗਿਰਨ ਚੜਿ ਜਾਇ ॥ ਅੰਧ ਲਖੈ ਬਧਰੋ ਸੁਨੈ ਜੋ ਕਾਲ ਕ੍ਰਿਪਾ ਕਰਾਇ ॥ [੩]

ਦੋਹਰਾ ॥
ਸਗਲ ਦੁਆਰ ਕਉ ਛਾਡਿ ਕੈ ਗਹ੍ਯੋ ਤੁਹਾਰੋ ਦੁਆਰ ॥ ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ ॥ [੪]

ਪ੍ਰਸ਼ਨ (ਸ਼ੰਕਾਵਾਦੀ ਸਜਨ) : - ਇਥੇ ਸਚਖੰਡ ਦਰਬਾਰ ਸਾਹਿਬ ਮੇਂ ਇਥੋਂ ਦੇ ਪੁਜਾਰੀ ਸੁਖਨਿਧਾਨ ਦਾ ਭੋਗ ਲਾਉਂਦੇ ਹਨ । ਕੀ ਮਹਾਰਾਜ ਜੀ ਕੋਈ ਸੁਖਾ ਪੀਂਦੇ ਸਨ ? ਮਹਾਰਾਜ ਜੀ ਨੇ ਤਾਂ ਅਮਲਾਂ ਨੂੰ ਖੰਡਨ ਕੀਤਾ ਸੀ । ਏਹ ਕਿਥੇ ਲਿਖਿਆ ਹੈ, ਸੁਖੇ ਦਾ ਭੋਗ ਲਗਾਉਨਾ ?

ਉਤਰ : - ਭਾਈ ਸ਼ੰਕਾਵਾਦੀ ਸਜਨੋ, ਸਾਨੂੰ ਤਾਂ ਇਸ ਦੇ ਬਾਰੇ ਜਾਦਾ ਤਾਂ ਪਤਾ ਨਹੀਂ, ਇਥੋਂ ਦੇ ਬਜ਼ੁਰਗਾਂ ਤੋਂ ਸੁਨਦੇ ਆਏ ਹਾਂ ਕਿ ਪੁਰਾਤਨ ਮ੍ਰਿਜਾਦਾ ਹੈ । ਸ਼ੰਕਾਵਾਦੀ ਸਜਨ : - ਕਿਉਂ ਭਾਈ, ਸੁਖਨਿਧਾਨ ਦੇ ਬਾਰੇ ਭੀ ਕੋਈ ਇਤਹਾਸਕ ਸਬੂਤ ਹੈ, ਜਿਸਤਰ੍ਹਾਂ ਪਹਿਲੇ ਇਤਹਾਸਾਂ ਦੇ ਪ੍ਰਮਾਣ ਦਵਾਰਾ ਸਿੱਧ ਕਰਦੇ ਆਏ ਹੋ ?

ਉਤਰ : - ਆਓ ਭਾਈ ਸ਼ੰਕਾਵਾਦੀ ਸਜਨੋ, ਏਹਦੇ ਬਾਰੇ ਭੀ ਖੋਜ ਕਰੀਏ, ਕਿਉਂਕਿ ਅਸੀਂ ਪਿਛੇ ਦਸ ਚੁਕੇ ਹਾਂ ਕਿ ਸਚਖੰਡ ਦਰਬਾਰ ਸਾਹਿਬ ਵਿਚ ਜੋ ਭੀ ਕੁਛ ਹੋ ਰਹਾ ਹੈ, ਹੁਕਮ ਵਿਚ ਹੋ ਰਹਾ ਹੈ । ਪੁਰਾਨੀ ਜਨਮ ਸਾਖੀ

---

[੧] ਸਿੰਘ ਸਾਹਿਬ ਜੀ ਦੇ ਇਸ ਲੇਖ ਉਤੇਂ ਟੀਕਾ-ਟਿੱਪਣੀ ਲਈ ਦੇਖੋ ਇਸੇ ਸੈਕਸ਼ਨ ਵਿੱਚ ਸ਼ਾਮਿਲ ਲੇਖ 'ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੁਖਨਿਧਾਨ ਦਾ ਭੋਗ' ।

[੨] ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੩] ਸ੍ਰੀ ਬਚਿੱਤ੍ਰ ਨਾਟਕ, ਪੰਨਾ ੪੭, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

[੪] ਰਾਮਾਵਤਾਰ, ਪੰਨਾ ੨੫੪, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

